**ਦਫਤਰ ਡਾਇਰੈਕਟੋਰੇਟ ਆਫ ਸਕੂਲ ਐਜੂਕੇਸ਼ਨ (ਸੈਕੰਡਰੀ) ਪੰਜਾਬ**

(ਕੰਪਲੈਕਸ ਪੰਜਾਬ ਸਕੂਲ ਐਜੂਕੇਸ਼ਨ ਬੋਰਡ, ਫੇਜ਼-8, ਈ-ਬਲਾਕ, ਐਸ.ਏ.ਐਸ ਨਗਰ)

**ਅਮਲਾ-2 ਸ਼ਾਖਾ**

email id- adsadpi@punjabeducation.gov.in

---

ਵੱਲ;

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈਕੰਡਰੀ)
ਪੰਜਾਬ।

ਮੀਮੋ ਨੰ: 752384/ਅਮਲਾ-2(ਏ-1)/ 202616038
ਮਿਤੀ, ਐਸ.ਏ.ਐਸ ਨਗਰ: 20-01-2026

ਵਿਸ਼ਾ:- 4161 ਮਾਸਟਰ ਕਾਡਰ ਭਰਤੀ ਅਤੇ 598 ਬੈਕਲਾਗ ਮਾਸਟਰ ਕਾਡਰ ਭਰਤੀ ਅਧੀਨ ਡਾਈਟਾਂ ਵਿੱਚ ਹਾਜਰ ਹੋਏ ਕਰਮਚਾਰੀਆਂ ਦੀ ਤਨਖਾਹ ਦੀ ਅਦਾਇਗੀ ਕਰਨ ਸਬੰਧੀ।

ਹਵਾਲਾ:- ਇਸ ਦਫਤਰ ਦੇ ਮੀਮੋ ਨੰ. 752384/2025138189 ਮਿਤੀ 20.05.2025 ਦੀ ਲਗਾਤਾਰਤਾ ਵਿੱਚ।

ਸਿੱਖਿਆ ਵਿਭਾਗ ਵੱਲੋਂ ਮਿਤੀ 16.12.2021/08.01.2022 ਨੂੰ ਜਾਰੀ ਕੀਤੇ ਗਏ ਇਸ਼ਤਿਹਾਰ ਦੇ ਸਨਮੁੱਖ ਮਾਸਟਰ ਕਾਡਰ ਦੇ ਵੱਖ-ਵੱਖ ਵਿਸ਼ਿਆਂ ਦੀਆਂ 4161 ਅਤੇ 598 ਬੈਕਲਾਗ ਅਸਾਮੀਆਂ ਵਿਰੁੱਧ ਹਾਜਰ ਹੋਏ ਕਰਮਚਾਰੀਆਂ ਦੀ ਤਨਖਾਹ ਉਨ੍ਹਾਂ ਦੇ ਡਾਈਟਾਂ ਵਿੱਚ ਹਾਜਰ ਹੋਣ ਦੀ ਮਿਤੀ ਤੋਂ ਡਰਾਅ ਕਰਵਾਉਣ ਸਬੰਧੀ ਇਸ ਦਫਤਰ ਵੱਲੋਂ ਮਿਤੀ 03.02.2025 ਰਾਹੀਂ ਹੁਕਮ ਜਾਰੀ ਕੀਤੇ ਗਏ ਸਨ, ਪ੍ਰੰਤੂ ਕੁੱਝ ਜਿਲ੍ਹਾ ਸਿੱਖਿਆ ਅਫਸਰਾਂ ਵੱਲੋਂ ਵਿੱਤ ਵਿਭਾਗ ਦੇ ਪੱਤਰ ਮਿਤੀ 09.05.2017 ਦਾ ਹਵਾਲਾ ਦਿੰਦੇ ਹੋਏ ਡਾਈਟਾਂ ਵਿੱਚ ਹਾਜਰੀ ਦੀ ਮਿਤੀ ਤੋਂ ਤਨਖਾਹ ਨਾ ਕਢਵਾਉਣ ਸਬੰਧੀ ਇਤਰਾਜ ਪ੍ਰਾਪਤ ਹੋਏ ਸਨ।

ਉਕਤ ਦੀ ਲਗਾਤਾਰਤਾ ਵਿੱਚ ਆਪ ਨੂੰ ਹਵਾਲਾ ਅਧੀਨ ਪੱਤਰ ਰਾਹੀਂ ਪੰਜਾਬ ਸਰਕਾਰ, ਵਿੱਤ ਵਿਭਾਗ (ਵਿੱਤ ਪ੍ਰਸੋਨਲ-2 ਸ਼ਾਖਾ) ਵੱਲੋਂ ਹਦਾਇਤਾਂ ਮਿਤੀ 09.05.2017 ਤੋਂ ਛੋਟ ਦੇਣ ਸਬੰਧੀ ਪ੍ਰਾਪਤ ਹੋਈ ਪ੍ਰਵਾਨਗੀ ਦੀ ਕਾਪੀ ਭੇਜ ਕੇ ਹਦਾਇਤ ਕੀਤੀ ਗਈ ਸੀ ਕਿ ਇੰਨ੍ਹਾਂ ਕਰਮਚਾਰੀਆਂ ਦੀ ਡਾਈਟਾਂ ਵਿੱਚ ਹਾਜਰ ਹੋਣ ਦੀ ਮਿਤੀ ਤੋਂ ਸਕੂਲ ਵਿੱਚ ਹਾਜਰ ਹੋਣ ਤੱਕ ਦੇ ਸਮੇਂ ਦੀ ਤਨਖਾਹ ਤੁਰੰਤ ਡਰਾਅ ਕਰਵਾਉਣ ਸਬੰਧੀ ਲੋੜੀਂਦੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ, ਪ੍ਰੰਤੂ ਇਸ ਉਪਰੰਤ ਵੀ ਕੁੱਝ ਸਕੂਲ ਮੁੱਖੀਆਂ ਵੱਲੋਂ ਡਾਈਟਾਂ ਵਿੱਚ ਹਾਜਰ ਹੋਣ ਦੀ ਮਿਤੀ ਤੋਂ ਸਕੂਲ ਵਿੱਚ ਹਾਜਰ ਹੋਣ ਤੱਕ ਦੇ ਸਮੇਂ ਦੀ ਤਨਖਾਹ ਦੀ ਅਦਾਇਗੀ ਕਰਨ ਲਈ ਸਕੂਲ ਵਿੱਚ ਕੋਈ ਵੀ ਪੋਸਟ ਖਾਲੀ ਨਾ ਹੋਣ ਕਾਰਨ ਤਨਖਾਹ ਡਰਾਅ ਨਹੀਂ ਕਰਵਾਈ ਗਈ।

ਉਕਤ ਦੇ ਸਨਮੁੱਖ ਆਪ ਨੂੰ ਮੁੜ ਹਦਾਇਤ ਕੀਤੀ ਜਾਂਦੀ ਹੈ ਕਿ ਜਿਨਾਂ ਸਕੂਲਾਂ ਵਿੱਚ ਇੰਨ੍ਹਾਂ ਕਰਮਚਾਰੀਆਂ ਦੇ ਡਾਈਟਾਂ ਵਿੱਚ ਹਾਜਰ ਹੋਣ ਦੀ ਮਿਤੀ ਤੋਂ ਸਕੂਲਾਂ ਵਿੱਚ ਹਾਜਰ ਹੋਣ ਤੱਕ ਦੇ ਸਮੇਂ ਦੀ ਤਨਖਾਹ ਡਰਾਅ ਕਰਵਾਉਣ ਲਈ ਕੋਈ ਵੀ ਪੋਸਟ ਖਾਲੀ ਨਹੀਂ ਹੈ ਤਾਂ ਇੰਨ੍ਹਾਂ ਕਰਮਚਾਰੀਆਂ ਦੀ ਰਹਿੰਦੀ ਤਨਖਾਹ ਕਿਸੇ ਹੋਰ ਸਕੂਲ ਵਿੱਚੋਂ ਡਰਾਅ ਕਰਵਾਉਣ ਸਬੰਧੀ ਤੁਰੰਤ ਲੋੜੀਂਦੀ ਕਾਰਵਾਈ ਕੀਤੀ ਜਾਵੇ।

20/1/26

**ਸਹਾਇਕ ਡਾਇਰੈਕਟਰ (ਸ.ਪ੍ਰ.2)**